# ਸ੍ਵੈ-ਜੀਵਨੀ ਸਾਹਿਤ ਦੀ ਸਿਰਜਣਾ: ਬਿਰਤਾਂਤਕਾਰੀ ਤੇ ਇਤਿਹਾਸਕਾਰੀ ਦਾ ਅੰਤਰ-ਦਵੰਦ



ਸੁਖਚੈਨ ਸਿੰਘ
ਸਹਾਇਕ ਪ੍ਰੋਫੈਸਰ
ਸਰਕਾਰੀ ਮਹਿੰਦਰਾ ਕਾਲਜ,
ਪਟਿਆਲਾ।
ਅਤੇ
ਖੋਜਾਰਥੀ
ਪੰਜਾਬੀ ਵਿਭਾਗ,
ਦਿੱਲੀ ਯੂਨੀਵਰਸਿਟੀ, ਦਿੱਲੀ।
sukhchainharyou1992@gmail.com

ਅਜੋਕਾ ਗਿਆਨ ਚਿੰਤਨ 'ਉੱਤਰ-ਸਥਿਤੀਆਂ'(Post-conditions) ਵਾਲੇ ਦੌਰ 'ਚੋਂ ਗੁਜ਼ਰ ਰਿਹਾ ਹੈ। ਅੱਜ ਪ੍ਰਰੰਪਰਿਕ ਚਿੰਤਨ ਦੀਆਂ ਬਹੁਤ ਸਾਰੀਆਂ ਧਾਰਨਾਵਾਂ ਨੂੰ ਰੱਦ ਕਰਕੇ ਮਨੁੱਖ ਅਤੇ ਉਸ ਦੇ ਯਥਾਰਥਕ ਜੀਵਨ ਨੂੰ ਪੜਚੋਲਣ ਲਈ ਨਵੇਂ ਵਿਗਿਆਨਕ ਗਿਆਨ ਮਾਡਲਾਂ ਜਾਂ ਬੌਧਿਕ ਲਹਿਰਾਂ ਦਾ ਸਹਾਰਾ ਲਿਆ ਜਾ ਰਿਹਾ ਹੈ। ਵਿਅਕਤੀ, ਸਮਾਜ, ਇਤਿਹਾਸ ਅਤੇ ਯਥਾਰਥ ਦੀ ਥਾਹ ਪਾਉਣ ਲਈ ਸੰਰਚਨਾਵਾਦ, ਉੱਤਰ-ਸੰਰਚਨਾਵਾਦ, ਚਿਹਨ-ਵਿਗਿਆਨ, ਮਾਰਕਸਵਾਦ, ਨਵ-ਮਾਰਕਸਵਾਦ, ਇਤਿਹਾਸਵਾਦ, ਨਵ-ਇਤਿਹਾਸਵਾਦ ਅਤੇ ਸਭਿਆਚਾਰਕ ਅਧਿਐਨ ਆਦਿ ਮਹੱਤਵਪੂਰਨ ਗਿਆਨ ਅਨੁਸ਼ਾਸ਼ਨ ਵਰਨਣਯੋਗ ਹਨ। ਇਹ ਅਨੁਸ਼ਾਸ਼ਨ ਵਿਅਕਤੀ ਦੀ ਸ਼ਨਾਖ਼ਤ ਦੇ ਬਹੁ-ਪਰਤੀ, ਬਹੁ-ਦਿਸ਼ਾਵੀ ਤੇ ਬਹੁ-ਸੁਰੇ ਰੂਪਾਂ ਨੂੰ ਫੜ੍ਹਨ ਵਿਚ ਅਹਿਮ ਭੂਮਿਕਾ ਨਿਭਾਉਂਦੇ ਹਨ। ਇਨ੍ਹਾਂ ਅਨੁਸ਼ਾਸ਼ਨਾਂ ਦੀ ਵਰਤੋਂ ਦਾ ਯੁੱਗ ਉੱਤਰ-ਆਧੁਨਿਕਤਾ ਦਾ ਯੁੱਗ ਕਹਾਉਂਦਾ ਹੈ। ਜਿਸ ਵਿਚ ਵਿਅਕਤੀ ਦੀ ਹੋਂਦ ਜਾਂ ਸ਼ਨਾਖ਼ਤ ਦਾ ਸੰਕਟ ਅਗਰਭੂਮੀ ਵਿਚ ਰਹਿੰਦਾ ਹੈ। ਸ਼ਨਾਖ਼ਤ ਦਾ ਇਹ ਸੰਕਟ ਸਾਹਿਤਕ ਤੇ ਇਤਿਹਾਸਕ ਕ੍ਰਿਤਾਂ ਜ਼ਰੀਏ ਪਾਠਕ ਦੇ ਸਨਮੁੱਖ ਹੁੰਦਾ ਹੈ। ਵਿਅਕਤੀ ਦੀ ਸ਼ਨਾਖ਼ਤ ਨੂੰ ਕੇਂਦਰ ਵਿਚ ਰੱਖਦਿਆ ਅਸੀਂ ਸ੍ਵੈ-ਜੀਵਨੀ ਸਾਹਿਤ ਦੀ ਸਿਰਜਣ ਪ੍ਰਕਿਰਿਆ ਨੂੰ ਇਨ੍ਹਾਂ ਦਰਸਾਏ ਗਏ ਅਨੁਸ਼ਾਸ਼ਨਾਂ ਦੇ ਅਧਾਰ 'ਤੇ ਪੜਚੋਲਣ ਦੀ ਕੋਸ਼ਿਸ਼ ਕਰਾਂਗੇ।

ਰੂਪਾਕਾਰ ਪੱਖੋਂ ਸ੍ਵੈ-ਜੀਵਨੀ ਪੰਜਾਬੀ ਸਾਹਿਤ ਦੀ ਇਕ ਸੁਤੰਤਰ ਵਿਧਾ ਹੈ। ਇਹ ਵਿਧਾ ਲੇਖਕ/ਵਿਅਕਤੀ ਵਿਸ਼ੇਸ਼ ਦੀ ਬਿਰਤਾਂਤਕ ਜਾਂ ਪਾਠਗਤ ਸ਼ਨਾਖ਼ਤ ਨੂੰ ਉਜਾਗਰ ਕਰਦੀ ਹੈ। ਜਦੋਂ ਕੋਈ ਲੇਖਕ/ਵਿਅਕਤੀ ਆਪਣੀ ਸ਼ਨਾਖ਼ਤ ਨੂੰ ਖ਼ਾਸ ਜਾਂ ਫਿਰ ਭਾਰੂ ਸਭਿਆਚਾਰ ਨਾਲ ਤੁਲਨਾਉਣ ਦਾ ਯਤਨ ਕਰਦਾ ਹੈ ਤਾਂ ਸ੍ਵੈ-ਜੀਵਨੀ ਵਿਧਾ ਹੋਂਦ ਗ੍ਰਹਿਣ ਕਰਦੀ ਹੈ। ਦਰਅਸਲ ਸ੍ਵੈ-ਜੀਵਨੀ ਸਾਹਿਤ ਦਾ ਮੂਲ ਉਦੇਸ਼ ਲੇਖਕ ਦੇ ਜੀਵਨ ਦੀ ਬਿਰਤਾਂਤਕ ਅਭਿਵਿਅਕਤੀ ਹੀ ਹੁੰਦਾ ਹੈ। ਇਸ ਦਲੀਲ ਦੀ ਪੁਸ਼ਟੀ ਲਈ ਅਸੀਂ ਡਾ. ਪ੍ਰਿਤਪਾਲ ਸਿੰਘ ਦੇ ਸਾਹਿਤ ਪ੍ਰਤੀ ਵਿਚਾਰਾਂ ਨੂੰ ਵਿਚਾਰ ਸਕਦੇ ਹਾਂ:-

"ਸਾਹਿਤ ਆਤਮ-ਅਭਿਵਿਅਕਤੀ ਤੇ ਭਾਵ ਸੰਚਾਰ ਦੇ ਸਾਧਨ ਵਜੋਂ ਵੀ ਪ੍ਰਕਾਰਜ ਕਰਦਾ ਹੈ। ਸਾਹਿਤ ਦੀ ਹਰ ਅਕ੍ਰਿਤੀ ਆਪਣੇ ਰਚੈਤਾ ਦੀ ਅੰਤਰ-ਆਤਮਾ ਵਿਚ ਉਮੜ ਰਹੀ

ਜਜ਼ਬਿਆਂ ਦੀ ਕਿਸੇ ਹਨੇਰੀ, ਉਸ ਦੇ ਹਿਰਦੇ ਸਾਗਰ ਵਿਚ ਵਰਖਾ, ਕਿਸੇ ਭਾਵੁਕ ਤੂਫ਼ਾਨ, ਉਸ ਦੇ ਮਨ ਨੂੰ ਉਤੇਜਿਤ ਕਰ ਰਹੇ ਕਿਸੇ ਅਗੰਮੀ ਰਹੱਸ ਜਾਂ ਸੁਹਜ ਦੇ ਕਿਸੇ ਤੀਖਣ ਅਨੁਭਵ ਦਾ ਬਾਹਰੀ ਪ੍ਰਤਿਰੂਪ ਹੁੰਦੀ ਹੈ।"[1]

ਇਸ ਲਈ ਸ੍ਵੈ-ਜੀਵਨੀ ਸਾਹਿਤ ਦੀ ਸਿਰਜਣ ਪ੍ਰਕਿਰਿਆ ਨੂੰ ਮੁੱਖ ਰੱਖਦਿਆਂ ਅਸੀਂ ਕਹਿ ਸਕਦੇ ਹਾਂ ਕਿ ਇਹ ਲੇਖਕ/ਵਿਅਕਤੀ ਦੇ ਜੀਵਨ ਇਤਿਹਾਸ ਨੂੰ ਬਿਰਤਾਂਤਕ ਰੂਪ ਵਿਚ ਪੇਸ਼ ਕਰਕੇ ਪਾਠਕ ਨੂੰ ਵੱਸ ਰੱਖਣ ਦੀ ਰਣਨੀਤੀ ਨੂੰ ਹਾਸਿਲ ਹੁੰਦੀ ਹੈ। ਪੰਜਾਬੀ ਸਾਹਿਤ ਦੇ ਖੇਤਰ ਵਿਚ ਸ੍ਵੈ-ਜੀਵਨੀ ਲਿਖਣ ਦਾ ਆਗਾਜ਼ ਪੱਛਮ ਦੇ ਪ੍ਰਭਾਵ ਸਦਕਾ ਵੀਹਵੀਂ ਸਦੀ ਦੇ ਅੱਧ ਤੋਂ ਮੰਨਿਆ ਜਾਂਦਾ ਹੈ। 'ਪੰਜਾਬੀ ਦੀ ਪਹਿਲੀ ਪ੍ਰਕਾਸ਼ਿਤ ਸ੍ਵੈ-ਜੀਵਨੀ ਪ੍ਰਸਿੱਧ ਨਾਵਲਕਾਰ ਨਾਨਕ ਸਿੰਘ ਦੀ ਸ੍ਵੈ-ਜੀਵਨੀ 'ਮੇਰੀ ਦੁਨੀਆ' ਨੂੰ ਮੰਨਿਆ ਗਿਆ ਹੈ।'[2] ਪੰਜਾਬੀ ਸਾਹਿਤ ਵਿਚ ਸ੍ਵੈ-ਜੀਵਨੀ ਸ਼ਬਦ ਅੰਗਰੇਜ਼ੀ ਭਾਸ਼ਾ ਦੇ ਸ਼ਬਦ ਆਟੋਬਾਇਓਗ੍ਰਾਫ਼ੀ (Autobiography) ਦੇ ਸਮਾਨਰਥਕ ਵਜੋਂ ਵਰਤਿਆ ਜਾਂਦਾ ਹੈ। ਆਟੋਬਾਇਓਗ੍ਰਾਫ਼ੀ Auto+Bio+Graphy ਸ਼ਬਦ ਦੇ ਸੁਮੇਲ ਤੋਂ ਬਣਿਆ ਹੈ। 'Auto' ਤੋਂ ਭਾਵ ਖ਼ੁਦ ਲਿਖਣਾ, 'Bio' ਤੋਂ ਭਾਵ ਆਪਣਾ ਜੀਵਨ ਬਿਊਰਾ ਅਤੇ 'Graphy' ਤੋਂ ਭਾਵ ਲਿਖਿਆ ਗਿਆ ਜੀਵਨ ਬਿਰਤਾਂਤ।'[3] ਇਸੇ ਪ੍ਰਕਾਰ ਅੰਗਰੇਜ਼ੀ ਭਾਸ਼ਾ ਵਿਚ ਵਰਤਿਆ ਜਾਂਦਾ ਸ਼ਬਦ Autobiography ਵੀ ਯੂਨਾਨੀ ਭਾਸ਼ਾ ਦੇ ਸ਼ਬਦ Autos+bios+Graphein ਤੋਂ ਲਿਆ ਗਿਆ ਹੈ। ਇਸ ਸ਼ਬਦ ਵਿਚਲੇ ਸ਼ਬਦ ਟੋਟੇ Autos 'Self' ਦੇ, Bios 'Life' ਦੇ ਅਤੇ Graphien 'Write'' ਦੇ ਅਰਥਾਂ ਨੂੰ ਸੰਚਾਰਿਤ ਕਰਦੇ ਹਨ।'[4] ਸੋ ਇਸ ਪ੍ਰਕਾਰ ਲੇਖਕ/ਵਿਅਕਤੀ ਦੁਆਰਾ ਖ਼ੁਦ ਆਪਣੇ ਜੀਵਨ ਇਤਿਹਾਸ ਨੂੰ ਬਿਰਤਾਂਤ ਵਿਚ ਢਾਲ ਕੇ ਲਿਖਣਾ ਸ੍ਵੈ-ਜੀਵਨੀ ਸਾਹਿਤ ਅਖਵਾਉਂਦਾ ਹੈ।

'ਸ੍ਵੈ-ਜੀਵਨੀ' ਸ਼ਬਦ ਦੀ ਚਰਚਾ ਸੰਬੰਧੀ ਡਾ. ਧਰਮ ਚੰਦ ਵਾਤਿਸ਼ ਹੋਰਾਂ ਨੇ ਆਪਣੇ ਖੋਜ ਕਾਰਜ ਦੌਰਾਨ ਇਹ ਪਾਇਆ ਕਿ "ਆਟੋਬਾਇਓਗਰਾਫ਼ੀ" ਸ਼ਬਦ ਪਹਿਲੀ ਵਾਰ "ਮੰਥਲੀ ਰਿਵੀਊ" ਰਸਾਲੇ 1797 ਈ. ਵਿਚ ਵਰਤਿਆ ਗਿਆ। ਪਰ ਉਨ੍ਹੀਵੀਂ ਸਦੀ ਦੇ ਪਹਿਲੇ ਅੱਧ ਤੱਕ ਛੱਪਣ ਵਾਲੇ ਸ਼ਬਦ-ਕੋਸ਼ਾਂ ਵਿੱਚ "ਸ੍ਵੈ-ਜੀਵਨੀ" ਜਾਂ "ਆਟੋਬਾਇਓਗਰਾਫ਼ੀ" ਸ਼ਬਦ ਨਹੀਂ ਮਿਲਦਾ। "ਫਰਾਂਸੀਸੀ" ਅਤੇ "ਜਰਮਨ" ਵਿਸ਼ਵਕੋਸ਼ਾਂ ਦੀ ਨਕਲ ਕਰਦਿਆਂ 'ਐਨਸਾਈਕਲੋਪੀਡੀਆ ਬ੍ਰਿਟੈਨਿਕਾ' (ਜਿਸ ਵਿੱਚ ਸਾਹਿਤਕ ਵਿਸ਼ਿਆਂ ਦਾ ਅਧਿਐਨ ਪ੍ਰਸਤੁਤ ਹੈ।) ਵਿਚ ਵੀ 'ਸ੍ਵੈਜੀਵਨੀ' ਨੂੰ 'ਜੀਵਨੀ ਸਾਹਿਤ' ਦਾ ਹੀ ਇਕ ਅੰਗ ਮੰਨਿਆ ਹੈ।

ਡਾਨਲਡ ਸਟਾਫਰ (Donald Stauffer) ਨੇ 1941 ਈ. ਵਿਚ ਦੋ ਜਿਲਦਾਂ ਵਿਚ ਪ੍ਰਕਾਸ਼ਿਤ ਆਪਣੀ ਆਲੋਚਨਾਤਮਕ ਪੁਸਤਕ "The Art Biography in Eighteenth Century England" ਵਿਚ ਜੀਵਨੀ ਤੇ ਸ੍ਵੈ-ਜੀਵਨੀ ਦਾ ਰਲਗੱਡ ਅਧਿਐਨ ਕੀਤਾ ਹੈ। "ਹੋਰ ਆਧੁਨਿਕ ਵਿਦਵਾਨਾਂ ਡਬਲਯੂ.ਐਫ. ਥਰਾਲ (W.F. Thrall) ਐਡੀਸ਼ਨ ਹਿਬਰਡ (Adidition Hibbward) ਨੇ ਆਪਣੀ ਰਚਨਾ ਏ ਹੈਂਡਬੁੱਕ ਟੂ ਲਿਟਰੇਚਰ ਵਿਚ ਇਸ ਗੱਲ ਤੇ ਗੰਭੀਰਤਾ ਨਾਲ ਚਿੰਤਨ ਕੀਤਾ ਹੈ ਕਿ ਸਾਹਿਤ ਦੇ ਰੂਪ ਵਜੋਂ ਸ੍ਵੈਜੀਵਨੀ ਨੂੰ ਬੜੇ ਹੀ ਅਸਪੱਸ਼ਟ ਰੂਪ ਵਿਚ ਪਰਿਭਾਸ਼ਤ ਕੀਤਾ ਗਿਆ ਹੈ।"[5]

ਸ੍ਵੈ-ਜੀਵਨੀ ਵਿਧਾ ਸਿਰਜਣ ਪ੍ਰਕਿਰਿਆ ਦੇ ਤੌਰ 'ਤੇ ਵਾਰਤਕ ਸਾਹਿਤ ਦੀ ਇਕ ਦਿਲਚਸਪ ਅਤੇ ਅਹਿਮ ਵਿਧਾ ਹੈ ਕਿਉਂਕਿ ਇਸ ਵਿਚ ਸ੍ਵੈ-ਜੀਵਨੀਕਾਰ ਖ਼ੁਦ ਆਪਣੀ ਜ਼ਿੰਦਗੀ ਦੇ ਇਤਿਹਾਸਕ ਬਿਰਤਾਂਤ ਨੂੰ ਕਲਾਤਮਕ ਜੁਗਤ ਰਾਹੀਂ ਉਸਾਰਦਾ ਹੈ ਅਤੇ ਸ੍ਵੈ-ਜੀਵਨੀ ਉਸ ਦੁਆਰਾ ਉਸਾਰੇ ਗਏ ਚਰਿੱਤਰ ਨੂੰ ਦ੍ਰਿਸ਼ਟਮਾਨ ਕਰਦੀ ਹੈ। ਲੇਖਕ ਦੁਆਰਾ ਲਿਖਿਆ ਗਿਆ ਉਸ ਦਾ ਆਪਣਾ ਇਤਿਹਾਸਕ ਬਿਰਤਾਂਤ ਅਤੇ ਉਸ ਦੀ ਜ਼ਿੰਦਗੀ ਵਿਚਲਾ ਯਥਾਰਥ ਜਦੋਂ ਲਿਖਤੀ ਰੂਪ ਅਖ਼ਤਿਆਰ ਕਰਦਾ ਹੈ ਤਾਂ ਉਸ ਵਿਚਲੇ ਕਲਪਨਾਮਈ ਅੰਸ਼ ਵੀ ਕਾਲਪਨਿਕ ਨਹੀਂ ਸਗੋਂ ਯਥਾਰਥਕ ਹੋਣ ਦਾ ਭਰਮ ਸਿਰਜਦੇ ਹਨ। ਇਹ ਲੇਖਕ ਦੀ ਕਲਾਤਮਕ ਜੁਗਤ ਹੁੰਦੀ ਹੈ, ਜਿਸ ਰਾਹੀਂ ਉਹ ਆਪਣੇ ਜੀਵਨ-ਬਿਊਰੇ ਨੂੰ ਆਪਣੀ ਜ਼ਿੰਦਗੀ ਵਿਚ ਵਾਪਰੀਆਂ ਕੁਝ ਖ਼ਾਸ ਘਟਨਾਵਾਂ ਦੀ ਮੱਦਦ ਰਾਹੀਂ ਬਿਰਤਾਂਤਕ ਲੜੀ ਵਿਚ ਪਰੋ ਦਿੰਦਾ ਹੈ। ਇਸ ਪ੍ਰਕਾਰ ਸ੍ਵੈ-ਜੀਵਨੀਕਾਰ ਆਪਣੀ ਕਲਪਨਾਮਈ ਸੁਹਜ ਦ੍ਰਿਸ਼ਟੀ ਰਾਹੀਂ ਸ੍ਵੈ-ਜੀਵਨੀ ਨੂੰ ਰੌਚਿਕਤਾ ਭਰਪੂਰ ਬਣਾਉਣ ਦਾ ਉਪਰਾਲਾ ਕਰਦਾ ਹੈ। ਲੇਖਕ ਆਪਣੀ ਸ੍ਵੈ-ਜੀਵਨੀ ਵਿਚ ਆਪਣਾ ਇਤਿਹਾਸਕ ਬਿਰਤਾਂਤ ਇਸ ਪ੍ਰਕਾਰ ਵਿਉਂਤਦਾ ਹੈ ਕਿ ਉਸ ਦੁਆਰਾ ਸਿਰਜਿਆ ਗਿਆ ਖ਼ੁਦ ਦਾ ਜੀਵਨ ਬਿਰਤਾਂਤ ਅਤੇ ਇਸ ਬਿਰਤਾਂਤ ਵਿਚ ਸਿਰਜੀਆਂ ਗਈਆਂ ਇਤਿਹਾਸਕ ਘਟਨਾਵਾਂ ਪਾਠਕਾਂ ਨੂੰ ਖਿੱਚਣ ਅਤੇ ਉਸ ਲਿਖਤ 'ਤੇ ਲੇਖਕ ਦਾ ਗ਼ਲਬਾ ਸਥਾਪਿਤ ਕਰਨ ਵਿਚ ਕਾਮਯਾਬ ਹੋ ਜਾਣ।

ਸ੍ਵੈ-ਜੀਵਨੀਕਾਰ ਪਾਠਕਾਂ ਸਾਹਮਣੇ ਉਨ੍ਹਾਂ ਅਹਿਸਾਸਾਂ ਅਤੇ ਜ਼ਿੰਦਗੀ ਦੇ ਪਹਿਲੂਆਂ (ਪੱਖਾਂ) ਨੂੰ ਦਿਲਚਸਪੀ ਨਾਲ ਉਜਾਗਰ ਕਰਦਾ ਹੈ, ਜੋ ਸ੍ਵੈ-ਤਰਫ਼ਦਾਰੀ ਅਤੇ ਵਿਅਕਤੀਗਤ ਨਜ਼ਰੀਏ ਦੇ ਵਧੇਰੇ ਅਨੁਕੂਲ ਹੋਣ। ਜਿਹੜੀਆਂ ਜੀਵਨ ਘਟਨਾਵਾਂ ਵਿਚ ਸ੍ਵੈ-ਜੀਵਨੀਕਾਰ ਸਭਿਆਚਾਰਕ ਵਰਜਨਾ-ਵਿਵਰਜਨਾ ਦਾ ਖੰਡਨ ਕਰਦਾ ਹੈ ਜਾਂ ਕਿਸੇ ਸੰਸਥਾਈ

ਦਰਜਾਬੰਦੀ ਵਿੱਚ ਕਿਸੇ ਦਾ ਸਰੀਰਕ ਜਾਂ ਮਾਨਸਿਕ ਸ਼ੋਸ਼ਣ ਕਰਦਾ ਹੈ, ਉਹ ਉਸਦੇ ਸ੍ਵੈ-ਜੀਵਨੀ ਬਿਰਤਾਂਤ ਦਾ ਹਿੱਸਾ ਨਹੀਂ ਬਣਦਾ। ਸ੍ਵੈ-ਜੀਵਨੀਕਾਰ ਉਨ੍ਹਾਂ ਪਹਿਲੂਆਂ ਨੂੰ ਆਪਣੇ ਇਤਿਹਾਸਕ ਬਿਰਤਾਂਤ ਵਿਚੋਂ ਮਨਫ਼ੀ ਕਰ ਦਿੰਦਾ ਹੈ, ਜਿਸ ਵਿਚ ਉਸ ਨੇ ਉੱਤਮਤਾ ਦਿਖਾਈ ਹੁੰਦੀ ਹੈ। ਲਿਖਤ ਵਿਚਲਾ ਬਿਰਤਾਂਤ ਲੇਖਕ ਦੇ ਮਨੋਰਥ ਨੂੰ ਤਾਂ ਸਫ਼ਲ ਬਣਾ ਦਿੰਦਾ ਹੈ ਪਰ ਇਸ ਨਾਲ ਸਧਾਰਨ ਪਾਠਕ ਧੋਖੇ ਦਾ ਸ਼ਿਕਾਰ ਹੋ ਜਾਂਦਾ ਹੈ। ਜੋ ਬਿਰਤਾਂਤਕ ਸੱਚ ਨੂੰ ਹੂ-ਬ-ਹੂ ਲੇਖਕ ਦਾ ਅਸਲ ਸੱਚ ਸਵੀਕਾਰ ਕਰ ਲੈਂਦਾ ਹੈ।

ਦਰਅਸਲ ਬਿਰਤਾਂਤਕ ਸਿਰਜਣਾ ਮਨੁੱਖ ਦੇ ਸੁਭਾਅ ਦਾ ਅਟੁੱਟ ਹਿੱਸਾ ਹੈ। ਜਦੋਂ ਤੋਂ ਮਨੁੱਖ ਨੇ ਭਾਸ਼ਾ ਤੇ ਸਭਿਆਚਾਰ ਨੂੰ ਗ੍ਰਹਿਣ ਕੀਤਾ ਹੈ, ਉਦੋਂ ਤੋਂ ਹੀ ਬਿਰਤਾਂਤ ਜਾਂ ਕਥਾ ਉਸ ਦੇ ਜੀਵਨ ਨਾਲ ਜੁੜੇ ਆ ਰਹੇ ਹਨ। ਮਨੁੱਖ ਆਪਣੇ ਆਲੇ-ਦੁਆਲੇ ਤੇ ਕੁਦਰਤ ਦੇ ਰਹੱਸਾਂ ਨੂੰ ਸਮਝਣ ਲਈ ਬਿਰਤਾਂਤਕਾਰੀ ਦਾ ਸਹਾਰਾ ਲੈਂਦਾ ਹੈ। ਬਿਰਤਾਂਤ ਮਨੁੱਖ ਦੁਆਰਾ ਆਪਣੀ ਕਥਾ ਨੂੰ ਪ੍ਰਗਟਾਉਣ ਦੀ ਠੋਸ ਵਿਧੀ ਹੈ। 'ਸੰਸਾਰ ਵਿਚ ਬਿਰਤਾਂਤ ਦੇ ਫੈਲਾਅ ਦੀ ਕੋਈ ਸੀਮਾ ਨਹੀਂ ਹੈ। ਇਸ ਦੇ ਅਨੇਕਾਂ ਰੂਪ ਹਨ। ਇਸ ਦੇ ਰੂਪਾਂ ਦੀ ਵਿਭਿੰਨਤਾ ਵੱਖ-ਵੱਖ ਪਦਾਰਥਾਂ ਵਿਚ ਵੰਡੀ ਹੋਈ ਹੈ। ਇਸ ਤਰ੍ਹਾਂ ਜਾਪਦਾ ਹੈ ਜਿਵੇਂ ਪਦਾਰਥਾਂ ਦੀ ਵਿਭਿੰਨਤਾ ਮਨੁੱਖ ਦੀਆਂ ਕਹਾਣੀਆਂ ਵਿਚ ਰਮਣ ਲਈ ਅਨੁਕੂਲ ਸੀ। ਬਿਰਤਾਂਤ ਮਨੁੱਖ ਦੇ ਹਾਵ-ਭਾਵ, ਉਸ ਦੀ ਲਿੱਪੀ, ਸਿਰਜਣਾਤਮਕ ਸਮਰੱਥਾ, ਜੀਵਨ ਦੀ ਗਤੀਸ਼ੀਲਤਾ ਵਿਚੋਂ ਪ੍ਰਤੀਬਿੰਬਤ ਹੁੰਦਾ ਹੈ। ਮਿੱਥਕ ਕਥਾਵਾਂ, ਨੀਤੀ ਕਥਾਵਾਂ, ਚਿੱਤਰਕਾਰੀ, ਸਿਨੇਮਾ ਅਤੇ ਆਪਸੀ ਵਿਚਾਰਾਂ ਦੇ ਅਦਾਨ-ਪ੍ਰਦਾਨ ਵਿਚ ਵੀ ਬਿਰਤਾਂਤ ਦੀ ਮੌਜੂਦਗੀ ਰਹਿੰਦੀ ਹੈ। ਬਿਰਤਾਂਤ ਦੇ ਰੂਪਾਂ ਦੀ ਇਸੇ ਵਿਭਿੰਨਤਾ ਕਾਰਨ ਇਹ ਹਰ ਯੁੱਗ, ਸਮਾਜ ਤੇ ਸਮੇਂ ਵਿਚ ਤਰਕਸੰਗਤ ਤੇ ਸਾਰਥਕ ਰਿਹਾ ਹੈ। ਇਸ ਦੀ ਸ਼ੁਰੂਆਤ ਮਨੁੱਖੀ ਹੋਂਦ ਨਾਲ ਹੀ ਸ਼ੁਰੂ ਹੋ ਗਈ ਸੀ। ਬਿਰਤਾਂਤ ਤੋਂ ਬਿਨਾਂ ਕਿਤੇ ਵੀ ਕੋਈ ਮਨੁੱਖ ਨਹੀਂ ਹੈ। ਇਸ ਦੀ ਹੋਂਦ ਮਨੁੱਖੀ ਜੀਵਨ ਦੀ ਤਰ੍ਹਾਂ ਹੀ ਹੈ।'[6] ਬਿਰਤਾਂਤ ਬਾਰੇ ਰੋਲਾਂ ਬਾਰਤ ਦੇ ਉਪਰੋਕਤ ਵਿਚਾਰ ਸ੍ਵੈ-ਜੀਵਨੀ ਸਾਹਿਤ ਦੀ ਬਿਰਤਾਂਤਕਾਰੀ ਤੇ ਇਤਿਹਾਸਕਾਰੀ ਦੇ ਪੱਖੋਂ ਸਾਡੇ ਲਈ ਬਹੁਤ ਮਹੱਤਵਪੂਰਨ ਹਨ। ਕਿਉਂਕਿ ਬਿਰਤਾਂਤਕਾਰੀ ਤੇ ਇਤਿਹਾਸਕਾਰੀ ਦੋਵਾਂ ਦੀ ਹੀ ਕਥਾ ਨੂੰ ਨਿਰਵਿਘਨ ਤੋਰਨ ਲਈ ਬਿਰਤਾਂਤ ਕੰਮ ਕਰਦਾ ਹੈ।

ਸ੍ਵੈ-ਜੀਵਨੀ ਸਾਹਿਤ ਅਤੇ ਇਤਿਹਾਸ ਦੋਵੇਂ ਹੋਂਦ ਵਿਧੀ ਦੇ ਅਧਾਰ 'ਤੇ ਅੰਤਰ-ਦਵੰਦਾਤਮਕ ਅਨੁਸ਼ਾਸਨ ਹਨ। ਇਹਨਾਂ ਦੋਵਾਂ ਦੀ ਪੁਨਰ-ਸਿਰਜਣਾ ਬਿਰਤਾਂਤ 'ਤੇ ਨਿਰਭਰ ਹੁੰਦੀ ਹੈ।

ਜਿਸ ਪ੍ਰਕਾਰ 'ਇਤਿਹਾਸ' ਆਪਣੀ ਉਸਾਰੀ ਲਈ ਭੂਤਕਾਲ ਜਾਂ ਅਤੀਤ ਨੂੰ ਸਮੱਗਰੀ ਵਜੋਂ ਵਰਤਦਾ ਹੈ, ਜਿਸ ਵਿਚ ਸਮਾਂ ਅਤੇ ਸਥਾਨ ਤੱਥਾਂ ਨੂੰ ਵਿਸ਼ੇਸ਼ ਆਧਾਰ ਬਣਾਇਆ ਜਾਂਦਾ ਹੈ। ਉਸੇ ਪ੍ਰਕਾਰ 'ਸ੍ਵੈ-ਜੀਵਨੀ' ਵੀ ਸ੍ਵੈ-ਜੀਵਨੀਕਾਰ ਦੇ ਭੂਤਕਾਲ ਜਾਂ ਅਤੀਤ ਵਿਚੋਂ ਕਥਾ ਸਮੱਗਰੀ ਲੈ ਕੇ ਉਸਰਦੀ ਹੈ। ਜਦੋਂ ਸ੍ਵੈ-ਜੀਵਨੀਕਾਰ ਖ਼ੁਦ ਦਾ ਜੀਵਨ ਬਿਰਤਾਂਤ ਵਿਉਂਤਦਾ ਹੈ ਤਾਂ ਉਹ ਇਤਿਹਾਸਕਾਰ ਵਾਂਗ ਘਟਨਾਵਾਂ ਦੀ ਕਾਂਟ-ਛਾਂਗ ਕਰਦਾ ਹੈ। ਜਿਵੇਂ ਇਤਿਹਾਸਕਾਰ ਲਈ ਕੌਮ-ਪ੍ਰਸਤੀ ਜਾਂ ਕਿਸੇ ਵਿਸ਼ੇਸ਼ ਧਿਰ ਦੀ ਮਹੱਤਤਾ ਹੁੰਦੀ ਹੈ, ਉਸੇ ਪ੍ਰਕਾਰ ਸ੍ਵੈ-ਜੀਵਨੀਕਾਰ ਪਿਛਲਝਾਤ ਰਾਹੀਂ ਆਪਣੇ ਅਤੀਤ 'ਚ ਵਿਚਰੇ ਲੋਕਾਂ ਜਾਂ ਸਖ਼ਸ਼ੀਅਤਾਂ ਨੂੰ ਚੰਗੇ ਤੇ ਮਾੜੇ ਜੁੱਟਾਂ ਰਾਹੀਂ ਬਿਰਤਾਂਤ ਦਾ ਹਿੱਸਾ ਬਣਾਉਂਦਾ ਹੈ। ਜਿਵੇਂ ਇਤਿਾਹਸਕਾਰ ਆਪਣੀ ਵਿਸ਼ੇਸ਼ ਸੁਹਜ ਦ੍ਰਿਸ਼ਟੀ ਰਾਹੀਂ ਅਤੀਤ ਵਿਚ ਵਾਪਰੇ ਘਟਨਾਕ੍ਰਮ ਦੀ ਪੁਨਰ-ਸਿਰਜਣਾ ਕਰਕੇ ਇਤਿਹਾਸਕਾਰੀ ਕਰਦਾ ਹੈ, ਉਸੇ ਤਰ੍ਹਾਂ ਸ੍ਵੈ-ਜੀਵਨੀਕਾਰ ਵੀ ਆਪਣੇ ਅਤੀਤ ਵਿਚੋਂ ਘਟਨਾਵਾਂ ਦੀ ਚੋਣ ਕਰਕੇ ਆਪਣੇ ਜੀਵਨ ਦੀ ਪੁਨਰ-ਸਿਰਜਣਾਤਮਕ ਇਤਿਹਾਸਕਾਰੀ ਹੀ ਕਰਦਾ ਹੈ। ਪੁਨਰ-ਸਿਰਜਣਾਕਾਰੀ ਦੀ ਇਸ ਪ੍ਰਕਿਰਿਆ ਵਿਚ ਸ੍ਵੈ-ਜੀਵਨੀਕਾਰ ਅਤੇ ਇਤਿਹਾਸਕਾਰ ਦੋਵਾਂ ਦੀ ਆਪਣੀ-ਆਪਣੀ ਵਿਸ਼ੇਸ਼ ਸੁਹਜ ਦ੍ਰਿਸ਼ਟੀ ਅਤੇ ਬੁੱਧੀ ਦਾ ਸਿੱਧਾ ਜਾਂ ਅਸਿੱਧਾ ਦਖ਼ਲ ਹੁੰਦਾ ਹੈ। ਦਖ਼ਲ-ਅੰਦਾਜ਼ੀ ਦੀ ਇਸ ਪ੍ਰਕਿਰਿਆ ਪ੍ਰਤੀ ਮਨਮੋਹਨ ਬਾਵਾ ਲਿਖਦਾ ਹੈ:-

"ਸੱਚ ਅਤੇ ਝੂਠ, ਤੱਥ ਅਤੇ ਮਿੱਥ 'ਚ ਕੋਈ ਸਪੱਸ਼ਟ ਅੰਤਰ ਲੱਭ ਸਕਣਾ ਅਸੰਭਵ ਹੈ, ਕਿਉਂਕਿ ਜਿਸ ਨੂੰ ਅਸੀਂ ਸੱਚ ਸਮਝਦੇ ਹਾਂ, ਉਹ ਕਈ ਪ੍ਰਕਾਰ ਦੀਆਂ ਮਿਲਾਵਟਾਂ ਨਾਲ ਭਰਿਆ ਹੁੰਦਾ ਹੈ"[7]

ਸ੍ਵੈ-ਜੀਵਨੀ ਸਿਰਜਣਾ ਅਤੇ ਇਤਿਹਾਸਕਾਰੀ ਦੇ ਮਸਲੇ ਨੂੰ ਲੈ ਕੇ ਸਾਡੇ ਸਾਹਮਣੇ ਇਹ ਵਿਸ਼ੇਸ਼ ਨੁਕਤਾ ਸਾਹਮਣੇ ਆਉਂਦਾ ਹੈ ਕਿ ਸ੍ਵੈ-ਜੀਵਨੀ ਅਤੇ ਇਤਿਹਾਸ ਦੋਵੇਂ ਹੀ ਅਨੁਸ਼ਾਸਨਿਕ ਤੌਰ 'ਤੇ ਅਤੀਤ ਨੂੰ ਪਿੱਠ-ਭੂਮੀ ਵਜੋਂ ਵਰਤ ਕੇ ਵਰਤਮਾਨ ਨਾਲ ਸੰਵਾਦ ਰਚਾਉਣ ਦਾ ਯਤਨ ਕਰਦੇ ਹਨ। ਇਹ ਸੰਵਾਦ ਸ੍ਵੈ-ਜੀਵਨੀਕਾਰ ਦੇ ਨੁਕਤਾ-ਏ-ਨਿਗਾਹ ਤੋਂ ਸ੍ਵੈ-ਕੇਂਦਰਿਤ ਅਤੇ ਇਤਿਹਾਸਕਾਰ ਦੇ ਨੁਕਤਾ-ਏ-ਨਿਗਾਹ ਤੋਂ ਘਟਨਾ ਕੇਂਦਰਿਤ ਜਾਂ ਸਮੂਹ ਕੇਂਦਰਿਤ ਹੁੰਦਾ ਹੈ, ਪ੍ਰੰਤੂ ਉਦੇਸ਼ ਦੇ ਮਾਧਿਅਮ ਤੋਂ ਦੋਵੇਂ ਇਕੋ ਸਮਾਨ ਕਾਰਜ ਕਰਦੇ ਹਨ। ਕਾਰਜ ਦੀ ਇਸ ਏਕਤਾ ਵਿਚ ਸ੍ਵੈ-ਜੀਵਨੀਕਾਰ ਤੇ ਇਤਿਹਾਸਕਾਰ ਦੀ ਵਿਚਾਰਧਾਰਾ ਅਹਿਮ ਰੋਲ ਅਦਾ ਕਰਦੀ ਹੈ। ਸ੍ਵੈ-ਜੀਵਨੀਕਾਰ ਵਿਚਾਰਧਾਰਾ ਦਾ ਪ੍ਰਯੋਗ ਆਪਣੀ ਨਿੱਜੀ

ਚੜ੍ਹਤ ਲਈ ਕਰਦਾ ਹੈ, ਜਦੋਂ ਕਿ ਇਤਿਹਾਸਕਾਰ ਵਿਚਾਰਧਾਰਾ ਦੀ ਵਰਤੋਂ ਸਮੂਹਿਕ ਚੜ੍ਹਤ ਅਤੇ ਕੌਮ-ਪ੍ਰਸਤੀ ਦੀ ਭਾਵਨਾ ਨਾਲ ਕਰਦਾ ਹੈ। ਇਸ ਪ੍ਰਕਾਰ ਅਸੀਂ ਦੇਖਦੇ ਹਾਂ ਕਿ ਸ੍ਵੈ-ਜੀਵਨੀਕਾਰ ਅਤੇ ਇਤਿਹਾਸਕਾਰ ਦੁਆਰਾ ਸਿਰਜਿਆ ਗਿਆ 'ਇਤਿਹਾਸਕ ਬਿਰਤਾਂਤ' ਪ੍ਰਵਚਨੀ (Discourse) ਰੂਪ ਵਿਚ ਢਲ ਕੇ ਲੇਖਕ ਦੇ ਰਣਨੀਤਿਕ ਪੈਂਤੜੇ ਦੀ ਨਿਸ਼ਾਨਦੇਹੀ ਕਰਦਾ ਹੈ। ਜਿਸ ਨੂੰ ਪ੍ਰਸਿੱਧ ਬਸਤੀਵਾਦੀ ਚਿੰਤਕ ਗਾਇਤਰੀ ਸਪੀਵਾਕ 'ਰਣਨੀਤਿਕ ਜ਼ਰੂਰਤ' (Strataigcal Essenitailsm) ਕਹਿੰਦੀ ਹੈ।'[8] ਇਸ ਤਰ੍ਹਾਂ ਸ੍ਵੈ-ਜੀਵਨੀਕਾਰ ਅਤੇ ਇਤਿਹਾਸਕਾਰ ਦੁਆਰਾ ਬਿਰਤਾਂਤ ਵਿਚ ਢਾਲਿਆ ਗਿਆ 'ਅਤੀਤ' ਕਿੰਨਾ ਕੁ ਸੱਚਾ ਹੋ ਸਕਦਾ ਹੈ, ਇਹ ਆਪਣੇ-ਆਪ ਵਿਚ ਹੀ ਇਕ ਗੁੰਝਲਦਾਰ ਮਸਲਾ ਹੈ। ਸਮਕਾਲੀ ਦੌਰ ਵਿਚ ਇਤਿਹਾਸ ਅਤੇ ਇਤਿਹਾਸਕ ਤੱਥਾਂ ਦੀ ਚੋਣ ਦਾ ਮਸਲਾ ਬੜਾ ਪੇਚੀਦਾ ਨਜ਼ਰ ਆਉਂਦਾ ਹੈ। ਇਤਿਹਾਸਕਾਰ ਦੁਆਰਾ ਚੁਣੇ ਗਏ ਤੱਥਾਂ ਉੱਤੇ ਉਸ ਦੀ ਵਿਚਾਰਧਾਰਾ ਦੀ ਪੁੱਠ ਚੜ੍ਹੀ ਹੁੰਦੀ ਹੈ, ਜਿਸ ਸਦਕਾ ਉਹ ਵਿਚਾਰਧਾਰਾਈ ਗਲਬੇ ਦੀ ਪੈਰ੍ਵੀ ਕਰਦਾ ਹੈ। ਉਸਨੂੰ ਉਹ ਤੱਥ ਅਤੇ ਘਟਨਾਵਾਂ ਹੀ ਪ੍ਰਭਾਵਿਤ ਕਰਦੀਆਂ ਹਨ, ਜਿਹੜੀਆਂ ਉਸ ਦੀ ਵਿਚਾਰਧਾਰਕ ਚੌਧਰ (Hegemony) ਦੇ ਵਧੇਰੇ ਅਨੁਕੂਲ ਜਾਪਦੀਆਂ ਹਨ। ਦੂਜੇ ਪਾਸੇ ਸ੍ਵੈ-ਜੀਵਨੀਕਾਰ ਵੀ ਚੋਣਵੀਆਂ ਘਟਨਾਵਾਂ ਦੇ ਅਧਾਰ 'ਤੇ ਉਨ੍ਹਾਂ ਲੋਕਾਂ/ਸਖ਼ਸ਼ੀਅਤਾਂ ਨੂੰ ਹੀ ਬਿਰਤਾਂਤਕਾਰੀ ਦਾ ਹਿੱਸਾ ਬਣਾਉਂਦਾ ਹੈ ਜੋ ਉਸ ਦੀ ਸ਼ਖ਼ਸੀਅਤ ਦਾ ਸਥਾਪਤੀ ਵੱਲ ਰਾਹ ਪੱਧਰਾ ਕਰਦੀਆਂ ਹਨ। ਇਸੇ ਇਤਿਹਾਸਕਾਰ ਕਈ ਵਾਰ ਅਜਿਹੀਆਂ ਇਤਿਹਾਸਕ ਘਟਨਾਵਾਂ ਤੋਂ ਸਹਿਜੇ ਹੀ ਕਿਨਾਰਾ ਕਰ ਲੈਂਦਾ ਹੈ, ਜਿਹੜੀਆਂ ਕਿ ਕਿਸੇ ਹੋਰ ਇਤਿਹਾਸਕਾਰ ਦੁਆਰਾ ਘੜੇ ਗਏ ਇਤਿਹਾਸਕ ਬਿਰਤਾਂਤ ਵਿਚ ਅਹਿਮ ਭੂਮਿਕਾ ਅਦਾ ਕਰਦੀਆਂ ਹਨ।

ਮਨਮੋਹਨ ਬਾਵਾ ਦਾ ਇਤਿਹਾਸ ਦੀ ਬਣਤਰ ਬਾਰੇ ਮਤ ਹੈ ਕਿ- "ਇਤਿਹਾਸਕਾਰ ਵੀ ਇਕ ਤਰ੍ਹਾਂ ਦੇ ਉਪਨਿਆਸਕਾਰ ਹੁੰਦੇ ਹਨ। ਜਿਹਨਾਂ ਦੀ ਕਲਪਨਾ ਸ਼ਕਤੀ ਬਹੁਤ ਤੀਖਣ ਹੁੰਦੀ ਹੈ। ਇਹ ਇਤਿਹਾਸ ਦੇ ਪੰਨਿਆਂ ਤੇ ਉਹ ਕੁਝ ਇਸ ਤਰ੍ਹਾਂ ਜੋੜਦੇ ਹਨ ਕਿ ਜੇ ਪੂਰਾ ਝੂਠ ਨਾ ਵੀ ਹੋਵੇ ਅੱਧੇ ਕੁ ਝੂਠ ਦੀ ਮਿਲਾਵਟ ਤਾਂ ਹੁੰਦੀ ਹੈ। ਉਹ ਇਤਿਹਾਸਕਾਰ ਜਿਹਨਾਂ ਦਾ ਸੰਬੰਧ ਕਿਸੇ ਖ਼ਾਸ ਬਾਦਸ਼ਾਹ, ਵਾਦ, ਧਰਮ ਜਾਂ ਕੌਮ ਨਾਲ ਹੋਵੇ, ਉਹ ਕਦੀ ਵੀ ਖ਼ਾਲਸ ਇਤਿਹਾਸ ਨਹੀਂ ਲਿਖ ਸਕਦੇ। ਉਨ੍ਹਾਂ ਨੂੰ ਇਸ ਪ੍ਰਤੀਬੱਧਤਾ ਕਾਰਨ 'ਸੱਚ' ਵਿਚ ਕੁਝ ਜੋੜਨਾ ਅਤੇ ਬਹੁਤ ਕੁਝ ਘਟਾਣਾ ਪੈਂਦਾ ਹੈ।"[9]

ਇਤਿਹਾਸਕਾਰੀ ਤੇ ਬਿਰਤਾਂਤਕਾਰੀ ਦਾ ਦਵੰਦ ਇਹ ਹੈ ਕਿ ਇਹ ਤਹਿਸ਼ੁਦਾ ਉਦੇਸ਼ ਦੀ ਦਿਸ਼ਾ ਵੱਲ ਕੂਚ ਕਰਦੇ ਹਨ। ਸ੍ਵੈ-ਜੀਵਨੀਕਾਰ ਇਕੋ ਸਮੇਂ ਆਪਣਾ ਸ੍ਵੈ-ਬਿਰਤਾਂਤ ਵੀ ਲਿਖ ਰਿਹਾ ਹੁੰਦਾ ਹੈ ਤੇ ਨਾਲ ਹੀ ਉਹ ਆਪਣੇ ਜੀਵਨ ਦੀ ਇਤਿਹਾਸਕਾਰੀ ਵੀ ਕਰ ਰਿਹਾ ਹੁੰਦਾ ਹੈ। ਇਸ ਪ੍ਰਕਿਰਿਆ ਦੌਰਾਨ ਸ੍ਵੈ-ਜੀਵਨੀ ਤੇ ਇਤਿਹਾਸਕ ਤੱਤ ਅਨਿਖੜਵੀ ਹੋਂਦ ਗ੍ਰਹਿਣ ਕਰ ਲੈਂਦੇ ਹਨ। ਆਪਣੇ ਸਮਕਾਲ ਵਿਚ ਸ੍ਵੈ-ਜੀਵਨੀਕਾਰ ਕਿਸੇ ਨਾ ਕਿਸੇ ਵਿਸ਼ੇਸ਼ ਸ਼ਨਾਖ਼ਤ ਦੀ ਵਿਚਾਰਧਾਰਾ ਦੇ ਅਧੀਨ ਵਿਚਰਿਆ ਹੁੰਦਾ ਹੀ ਹੈ। ਇਸ ਕਾਰਨ ਸ੍ਵੈ-ਜੀਵਨੀਕਾਰ ਦਾ ਵਿਅਕਤੀਗਤ ਇਤਿਹਾਸ ਉਸਦੇ ਸਮਕਾਲੀ ਇਤਿਹਾਸ ਨਾਲ ਰਲਗੱਡ ਹੋ ਜਾਂਦਾ ਹੈ। ਜੋ ਕੁਝ ਉਸ ਦੇ ਸਮਕਾਲ ਵਿਚ ਵਾਪਰਦਾ ਹੈ, ਉਹ ਉਸ ਦੀ ਸ਼ਖ਼ਸੀਅਤ ਉਸਾਰੀ ਦਾ ਮਹੱਤਵਪੂਰਨ ਦਸਤਾਵੇਜ਼ ਵੀ ਬਣ ਜਾਂਦਾ ਹੈ। ਜਦੋਂ ਸ੍ਵੈ-ਜੀਵਨੀਕਾਰ ਆਪਣੇ ਦੀ ਬਿਰਤਾਂਤਕਾਰੀ ਕਰਦਾ ਹੈ ਤਾਂ ਨਾਲ ਉਹ ਉਸ ਬੀਤੇ ਦੀ ਇਤਿਹਾਸਕਾਰੀ ਚੇਤਨ ਜਾਂ ਅਵਚੇਤਨ ਰੂਪ ਵਿਚ ਕਰ ਹੀ ਜਾਂਦਾ ਹੈ। ਅਸਲ ਵਿਚ ਸ੍ਵੈ-ਜੀਵਨੀ ਦੀ ਬਿਰਤਾਂਤਕਾਰੀ ਲਈ ਉਸ ਦਾ ਸਮਕਾਲੀ ਇਤਿਹਾਸ ਪਿੱਠ-ਭੂਮੀ ਵਜੋਂ ਸਹਿਜੇ ਹੀ ਕੇਂਦਰ ਵਿਚ ਆ ਜਾਦਾਂ ਹੈ। ਇਸ ਨਾਲ ਵਿਅਕਤੀਗਤ ਇਤਿਹਾਸ ਉੱਤੇ ਯਥਾਰਥਕ ਰੰਗ ਚੜ੍ਹ ਜਾਂਦਾ ਹੈ। ਦੂਜੇ ਜਦੋਂ ਕੋਈ ਇਤਿਹਾਸਕਾਰ ਇਤਿਹਾਸਕਾਰੀ ਕਰਦਾ ਹੈ ਤਾਂ ਉਹ ਭਾਰੂ ਜਾਂ ਤਹਿਸ਼ੁਦਾ ਵਿਚਾਰਧਾਰਕ ਪ੍ਰਯੋਜਨ ਵੱਲ ਰੁਚਿਤ ਹੋ ਜਾਂਦਾ ਹੈ।

ਬਿਰਤਾਂਤਕਾਰੀ ਤੇ ਇਤਿਹਾਸਕਾਰੀ ਦੀ ਪੜ੍ਹਤ ਨੂੰ ਮੁੱਖ ਰੱਖਦਿਆਂ ਅਸੀਂ ਇਹ ਮਹਿਸੂਸ ਕਰ ਸਕਦੇ ਹਾਂ ਕਿ ਕੋਈ ਵੀ ਵਿਅਕਤੀਗਤ ਬਿਰਤਾਂਤ ਵਿਚਾਰਧਾਰਕ ਪੈਂਤੜੇ ਤੋਂ ਸੁਤੰਤਰ ਨਹੀਂ ਹੁੰਦਾ। ਉਸ ਉੱਤੇ ਕਿਸੇ ਨਾ ਕਿਸੇ ਵਿਚਾਰ ਜਾਂ ਵਿਚਾਰਧਾਰਾ ਦਾ ਪ੍ਰਭਾਵ ਜ਼ਰੂਰ ਹੁੰਦਾ ਹੈ। ਜਿਸ ਦੀ ਪੈਰਵੀ ਕਰਦਿਆਂ ਉਹ 'ਸਿਰਜਣਾ' ਕਰਦਾ ਹੈ। ਚਾਹੇ ਉਸ ਦੀ ਸਿਰਜਣਕਾਰੀ ਦਾ ਸੰਬੰਧ ਇਤਿਹਾਸ ਨਾਲ ਹੋਵੇ ਤੇ ਚਾਹੇ ਕਿਸੇ ਹੋਰ ਸਾਹਿਤਕ ਕ੍ਰਿਤ ਨਾਲ। ਉਸ ਉੱਤੇ ਕੋਈ ਨਾ ਕੋਈ ਵਿਚਾਰ ਜਾਂ ਵਿਚਾਰਧਾਰਾ ਜ਼ਰੂਰ ਹਾਵੀ ਹੁੰਦੀ ਹੈ। ਇਸੇ ਵਿਚਾਰ ਨੂੰ ਹੋਰ ਸ਼ਪੱਸਟ ਕਰਦਾ ਇਹ ਵਿਚਾਰ ਵੀ ਵਿਚਾਰਿਆਂ ਜਾ ਸਕਦਾ ਹੈ:-

"ਹਰ ਇਤਿਹਾਸਕਾਰ ਸਮਝਦਾ ਹੈ ਕਿ ਉਸ ਨੇ ਜੋ ਇਤਿਹਾਸ ਲਿਖਿਆ ਹੈ, ਉਹ ਪੂਰੀ ਤਰ੍ਹਾਂ ਨਿਰਪੱਖ ਅਤੇ ਸੱਚਾ ਹੈ, ਪਰ ਇਹ 'ਪੂਰੀ ਤਰ੍ਹਾਂ' ਹੁੰਦਾ ਨਹੀਂ। ਇਤਿਹਾਸ ਲਿਖਣਾ ਵਰਤਮਾਨ ਵਿਚ ਬੈਠ ਕੇ ਬੀਤੇ ਦੀ ਪੁਨਰ-ਵਿਆਖਿਆ ਕਰਨਾ ਹੁੰਦਾ ਹੈ, ਜਿਸ ਕਰਕੇ ਇਸ ਉੱਤੇ ਵਰਤਮਾਨ ਹਾਲਤਾਂ ਦੀਆਂ ਲੋੜਾਂ ਅਤੇ ਨਜ਼ਰੀਆ ਅਸਰ ਅੰਦਾਜ਼ ਹੁੰਦੇ ਹਨ।"[10]

ਹੁਣ ਸਾਡੇ ਸਾਹਮਣੇ ਸਵਾਲ ਇਹ ਖੜਾ ਹੁੰਦਾ ਹੈ ਕਿ ਜਦੋਂ ਕੋਈ ਵਿਅਕਤੀ ਹੀ ਸੁਤੰਤਰ ਨਹੀਂ ਤਾਂ ਫਿਰ ਉਹ ਖ਼ਾਲਸ ਇਤਿਹਾਸ ਕਿਵੇਂ ਲਿਖ ਸਕਦਾ ਹੈ? ਕੀ ਕੋਈ ਵਿਅਕਤੀ ਖ਼ਾਲਸ ਇਤਿਹਾਸ ਲਿਖ ਸਕਦਾ ਹੈ? ਜਾਂ ਫਿਰ ਖ਼ਾਲਸ ਇਤਿਹਾਸ ਕਿਸ ਨੂੰ ਮੰਨਿਆ ਜਾਵੇ? ਇਤਿਹਾਸ ਬਾਰੇ ਚਰਚਾ ਦਾ ਸਾਡਾ ਮੁੱਖ ਮੁੱਦਾ ਇਹ ਹੈ ਕਿ ਜਦੋਂ ਕੋਈ ਇਤਿਹਾਸ ਹੀ ਖ਼ਾਲਸ ਨਹੀਂ ਹੈ, ਤਾਂ ਕਿਸੇ ਸ੍ਵੈ-ਜੀਵਨੀਕਾਰ ਦੁਆਰਾ ਖ਼ੁਦ ਬਾਰੇ ਘੜੇ ਗਏ ਇਤਿਹਾਸਕ ਬਿਰਤਾਂਤ ਨੂੰ ਕਿਵੇਂ 'ਸੰਪੂਰਨ' ਸੱਚ ਮੰਨ ਕੇ ਸਵੀਕਾਰ ਕਰ ਲਿਆ ਜਾਵੇ। ਇਹ ਸੱਚ ਉਸ ਦੀ ਕਿਸੇ ਵਿਸ਼ੇਸ਼ ਸ਼ਨਾਖ਼ਤ ਦਾ ਸੱਚ ਤਾਂ ਜ਼ਰੂਰ ਹੋ ਸਕਦਾ ਹੈ, ਜਿਹੜੀ ਕਿ ਉਸਨੇ ਸ੍ਵੈ-ਜੀਵਨੀ ਵਿਚ ਵਿਸ਼ੇਸ਼ ਰੂਪ ਵਿਚ ਤਸੱਵਰ ਕੀਤੀ ਹੁੰਦੀ ਹੈ। ਪਰ ਸਵਾਲ ਇਹ ਪੈਦਾ ਹੁੰਦਾ ਹੈ ਕਿ ਉਸ ਦੁਆਰਾ ਹੰਢਾਈਆਂ ਜਾਂਦੀਆਂ ਹੋਰ ਸ਼ਨਾਖ਼ਤਾਂ ਦੇ ਸੱਚ ਨਾਲ ਕਿਸ ਤਰ੍ਹਾਂ ਰੂ-ਬ-ਰੂ ਹੋਇਆ ਜਾਵੇ? ਸ੍ਵੈ-ਜੀਵਨੀਕਾਰ ਦੇ ਇਤਿਹਾਸਕ ਬਿਰਤਾਂਤ ਵਿਚ ਆਈ ਸ਼ਨਾਖ਼ਤ ਉਸ ਨੂੰ ਨਾਇਕ ਵਜੋਂ ਸਥਾਪਤ ਕਰਨ ਵਿਚ ਤਾਂ ਮੱਦਦਗਾਰ ਸਾਬਿਤ ਹੋ ਸਕਦੀ ਹੈ, ਜਿਸ ਤਰ੍ਹਾਂ ਇਕ ਇਤਿਹਾਸਕਾਰ ਕੌਮ-ਪ੍ਰਸਤੀ ਜਾਂ ਵਿਚਾਰਧਾਰਕ ਪੈਂਤੜੇ ਕਾਰਨ ਉਸ ਸ਼ਖ਼ਸੀਅਤ ਨੂੰ ਨਾਇਕ ਬਣਾ ਵਜੋਂ ਪੇਸ਼ ਕਰ ਦਿੰਦਾ ਹੈ ਜੋ ਕਿ ਵਿਰੋਧੀ ਵਿਚਾਰਧਾਰਾ ਵੱਲੋਂ ਖਲਨਾਇਕ ਮੰਨਿਆ ਜਾਂਦਾ ਹੈ। ਇਸੇ ਤਰ੍ਹਾਂ ਸ੍ਵੈ-ਜੀਵਨੀਕਾਰ, ਸ੍ਵੈ-ਬਿਰਤਾਂਤ ਵਿਚ ਨਾਇਕ ਵਜੋਂ ਤਾਂ ਹਾਜ਼ਿਰ ਜ਼ਰੂਰ ਰਹਿੰਦਾ ਹੈ ਪ੍ਰੰਤੂ ਜਿਹੜੀਆਂ ਸ਼ਨਾਖ਼ਤਾਂ ਵਿਚ ਉਸ ਨੇ ਖਲਨਾਇਕ ਦਾ ਕਿਰਦਾਰ ਅਦਾ ਕੀਤਾ ਹੁੰਦਾ ਹੈ ਉਹ ਅਕਸਰ ਗੌਣ ਹੋ ਜਾਂਦੀਆਂ ਹਨ। ਦਰਅਸਲ ਬੰਦੇ ਦੀ ਪੂਰੀ ਸ਼ਖ਼ਸੀਅਤ ਤਾਂ ਉਸ ਦੀਆਂ ਸਾਰੀਆਂ ਸ਼ਨਾਖ਼ਤਾਂ ਨਾਲ ਵਿਕਸਤ ਹੁੰਦੀ ਹੈ। ਇਸ ਤਰ੍ਹਾਂ ਕਿਸੇ ਲੇਖਕ ਦੁਆਰਾ ਖ਼ੁਦ ਬਾਰੇ ਸਿਰਜਿਆ ਸੱਚ ਅਸਲ ਵਿਚ ਬਿਰਤਾਂਤਕ ਸੱਚਾਈ ਰਾਹੀਂ ਹੋਂਦ ਗ੍ਰਹਿਣ ਕਰਦਾ ਹੈ। ਹਰ ਤਰ੍ਹਾਂ ਦੀ ਲਿਖਤ ਦੀ ਬਣਤਰ ਦਾ ਇਕ ਆਪਣਾ ਸੱਚ ਹੁੰਦਾ ਹੈ, ਜਿਸ ਨੂੰ ਪਛਾਣੇ ਬਿਨਾਂ ਸ੍ਵੈ-ਜੀਵਨੀ ਸਾਹਿਤ ਦੀ ਵਿਆਖਿਆ ਸੰਭਵ ਨਹੀਂ ਹੈ। ਸ਼ਨਾਖ਼ਤ ਦੀ ਸਿਆਸਤ ਨੂੰ ਮੁੱਖ ਰੱਖਦਿਆਂ ਪ੍ਰਸਿੱਧ ਇਤਿਹਾਸਕਾਰ ਈ.ਐੱਚ.ਕਾਰ ਇਤਿਹਾਸਕ ਨੁਕਤੇ ਤੋਂ ਤੱਥਗਤ ਵਿਚਾਰ ਕਰਦੇ ਹਨ:-

"ਇਤਿਹਾਸਕਾਰ ਅਤੇ ਸਦਾਚਾਰੀ ਜਾਂ ਨੀਤੀਵਾਦੀ ਦਾ ਦ੍ਰਿਸ਼ਟੀਕੋਣ ਸਮਾਨ ਨਹੀਂ ਹੁੰਦਾ। ਅਜਿਹਾ ਸੰਭਵ ਹੋ ਸਕਦਾ ਹੈ ਕਿ ਹੈਨਰੀ ਅੱਠਵਾਂ ਇੱਕ ਬੁਰਾ ਜਾਂ ਭੈੜਾ ਪਤੀ ਹੋਵੇ ਅਤੇ ਇਕ ਚੰਗਾ ਜਾਂ ਨੇਕ ਬਾਦਸ਼ਾਹ। ਇਤਿਹਾਸਕਾਰ ਉਸ ਨਾਲ ਪਹਿਲੀ ਹੈਸੀਅਤ ਵਿਚ ਕੇਵਲ ਇਸ ਕਦਰ ਦਿਲਚਸਪੀ ਰੱਖਦਾ ਹੈ ਜਿਸ ਕਦਰ ਇਹ ਤੱਥ ਇਤਿਹਾਸਕ ਘਟਨਾਵਾਂ

ਉੱਤੇ ਪ੍ਰਭਾਵ ਪਾਉਂਦੇ ਹਨ।"[11]

ਪ੍ਰਭਾਵ ਦੀ ਇਹ ਪ੍ਰਕਿਰਿਆ ਸੁਚੇਤ ਅਤੇ ਅਚੇਤ ਪੱਧਰ 'ਤੇ ਵਿਅਕਤੀ ਅੰਦਰ ਕਾਰਜਸ਼ੀਲ ਰਹਿੰਦੀ ਹੈ। ਇਸ ਲਈ ਸ੍ਵੈ-ਜੀਵਨੀਕਾਰ/ਇਤਿਹਾਸਕਾਰ ਚਾਹੇ ਦਾਅਵਾ ਕਰੇ ਕਿ ਮੈਂ ਆਪਣੇ ਸਿਰਜੇ ਬਿਰਤਾਂਤ ਵਿਚ ਸਭ ਕੁਝ ਸੱਚ ਕਹਿ ਰਿਹਾ ਹਾਂ, ਤਾਂ ਵੀ ਉਸ ਬਿਰਤਾਂਤਕ ਸੱਚ ਨੂੰ ਅੱਖਾਂ ਬੰਦ ਕਰਕੇ ਸੱਚ ਨਹੀਂ ਮੰਨਿਆ ਜਾ ਸਕਦਾ। ਕਿਉਂਕਿ ਵਿਅਕਤੀ ਦੀ ਨਿਰਮਾਣਕਾਰੀ ਸਭਿਆਚਾਰਕ ਚੌਖਟਾ ਨਿਰਧਾਰਤ ਕਰਦਾ ਹੈ। ਹਰ ਇਕ ਵਿਅਕਤੀ ਵਿਚ ਉਸ ਦਾ ਜਾਤੀਗਤ ਅਵਚੇਤਨ ਬੋਲਦਾ ਹੈ। ਹਰ ਇਕ ਬਿਰਤਾਂਤ ਦੀ ਅਤੇ ਲੇਖਕ ਦੀ ਆਪਣੀ ਇਕ ਤਹਿਸ਼ੁਦਾ ਰਣਨੀਤੀ ਹੁੰਦੀ ਹੈ, ਜਿਹੜੀ ਕਿ ਉਸਦੀ ਕ੍ਰਿਤ ਵਿਚੋਂ ਝਲਕਦੀ ਹੈ। ਜਿਸ ਦੌਰ ਵਿਚ ਅੱਜ ਅਸੀਂ ਵਿਚਰ ਰਹੇ ਹਾਂ, ਇਹ ਅਤਿ-ਯਥਾਰਥਕ (Hyper Reailty) ਦੌਰ ਹੈ। ਜਿਸ ਵਿਚ ਵਸਤੂਗਤ ਵਰਤਾਰਾ ਸਾਡੇ ਸਾਹਮਣੇ ਨਕਲ ਨੂੰ ਵੀ ਸੱਚ ਹੋਣ ਦਾ ਭਰਮ ਸਿਰਜਦਾ ਹੈ। ਇਤਿਹਾਸਕ ਗਿਆਨ ਦੇ ਭਰਮ ਪ੍ਰਤੀ ਗੁਰਬਚਨ ਸਿੰਘ ਨਈਅਰ ਦੇ ਵਿਚਾਰ ਗੋਲਣਯੋਗ ਪ੍ਰਤੀਤ ਹੁੰਦੇ ਹਨ।

"ਇਤਿਹਾਸਕ ਗਿਆਨ ਨਾਂਉ ਦਾ ਕੋਈ ਆਧਾਰ ਨਹੀਂ ਹੈ। ਇਹ ਇਕ ਇਤਿਹਾਸਕ ਪ੍ਰਕਾਰ ਦਾ ਵਿਸ਼ਵਾਸ ਹੈ ਜੋ ਦੂਸਰਿਆਂ ਦੇ ਪ੍ਰਮਾਣ ਉੱਤੇ ਅਧਾਰਿਤ ਹੈ। ਉਹ ਪ੍ਰਮਾਣ ਜੋ ਸਾਨੂੰ ਅਣਡਿੱਠੀ ਗਵਾਹੀ ਤੋਂ ਪ੍ਰਾਪਤ ਹੁੰਦੇ ਹਨ।"[12]

ਇਸ ਕਥਨ ਤੋਂ ਇਹ ਸਿੱਧ ਹੁੰਦਾ ਹੈ ਕਿ ਇਤਿਹਾਸ ਵੀ ਆਪਣੀ ਹੋਂਦ ਅਤੇ ਵਾਸਤਵਿਕਤਾ ਨੂੰ ਲੈ ਕੇ ਕਟਹਿਰੇ ਵਿਚ ਖੜਾ ਹੈ। ਇਤਿਹਾਸ ਦਾ ਇਹ ਲੱਛਣ ਬਿਲਕੁਲ ਸ੍ਵੈ-ਜੀਵਨੀ ਨਾਲ ਮਿਲਦਾ-ਜੁਲਦਾ ਹੈ। ਇਸ ਲਈ ਸ੍ਵੈ-ਜੀਵਨੀ ਵਿਚ ਪੇਸ਼ ਕੀਤੀ ਗਈ ਸ਼ਨਾਖ਼ਤ ਦੇ ਪ੍ਰਵਚਨ (Discourse) ਅਤੇ ਇਸ ਵਿਚ ਪੇਸ਼ ਕੀਤੇ ਗਏ ਇਤਿਹਾਸਕ ਬਿਰਤਾਂਤ ਨੂੰ ਹੀ ਅੰਤਮ ਸੱਚ ਮੰਨ ਲੈਣਾ ਬਹੁਤ ਖ਼ਤਰਨਾਕ ਪ੍ਰਕਿਰਿਆ ਜਾਪਦਾ ਹੈ। ਸ੍ਵੈ-ਜੀਵਨੀਕਾਰ ਆਪਣੇ ਜੀਵਨ-ਕਾਲ ਨੂੰ 'ਲਕੀਰੀ' ਬਿਰਤਾਂਤ ਬਣਾ ਕੇ ਇਸ ਦੇ ਨਿਰੋਲ ਸੱਚ ਹੋਣ ਦਾ ਭਰਮ ਸਿਰਜਦਾ ਹੈ, ਜਦ ਕਿ ਸਾਹਿਤਕ ਕ੍ਰਿਤਾਂ ਵਿਚ 'ਲਕੀਰੀ' ਬਿਰਤਾਂਤ ਸੰਭਵ ਹੀ ਨਹੀਂ ਹੁੰਦਾ। ਸ੍ਵੈ-ਜੀਵਨੀ ਵਿਚ ਪੇਸ਼ ਕੀਤੇ ਜਾਂਦੇ ਇਤਿਹਾਸਕ ਅੰਸ਼ ਵੀ ਭੂਤਕਾਲ, ਵਰਤਮਾਨ ਕਾਲ ਅਤੇ ਭਵਿੱਖ ਕਾਲ ਦੇ ਰਲਵੇਂ-ਮਿਲਵੇਂ ਮਿਸ਼ਰਨ ਦੀ ਪੈਦਾਵਾਰ ਹੁੰਦੇ ਹਨ, ਜਿਨ੍ਹਾਂ ਦਾ ਕੋਈ ਨਿਸ਼ਚਿਤ ਕਾਲ ਤਹਿਤ ਪੂਰਨ ਨਿਖੇੜਾ ਸੰਭਵ ਨਹੀਂ ਹੁੰਦਾ, ਕਿਉਂਕਿ ਕੋਈ ਵੀ ਇਤਿਹਾਸ ਜਾਂ ਸਾਹਿਤਕ ਕ੍ਰਿਤ 'ਲਕੀਰੀ' ਸ਼ਰਤ ਤੇ ਹੋਂਦ ਵਿਚ ਨਹੀਂ ਆਉਂਦੇ।

## ਹਵਾਲੇ

1. ਪ੍ਰਿਤਪਾਲ ਸਿੰਘ, ਸਾਹਿਤ ਦੀ ਭੂਮਿਕਾ, ਸੰਗਮ ਪਬਲੀਕੇਸ਼ਨਜ਼, ਸਮਾਣਾ, 2011, ਪੰ.-124

2. ਡਾ. ਸਤਿੰਦਰ ਸਿੰਘ, ਆਧੁਨਿਕ ਪੰਜਾਬੀ ਵਾਰਤਕ ਦਾ ਇਤਿਹਾਸ,ਪੰਜਾਬੀ ਅਕਾਦਮੀ, ਦਿੱਲੀ, 2006, ਪੰ.-116-117

3. "The word auto/bio/graphy is a composite of three terms: Self authorship (auto), Life (bio), and writing (graphy). I would like to speak some hybrid types of life writing, in which authorship and writing are disjointed – in which one person narrates and another writes. Rosy singh, Autobiography: Fact And Fiction, Aryan Books International, Delhi, 2009, P. -12

4. https://en.m.wikipedia.org/wiki Date:- 28/06/2022, Time 1:25 PM

5. Wayne Shumaker, English Autobiography, ਉਧਰਤ ਧਰਮਚੰਦ ਵਾਤਿਸ਼, ਸਵੈਜੀਵਨੀ ਸ਼ਾਸਤਰ, ਪੁਨੀਤ ਪਬਲਿਸ਼ਰਜ਼, ਮਲੇਰਕੋਟਲਾ, 1999, ਪੰ.-9

6. The narratives of the world are numberless. Narrative is first and foremost prodigious variety of genres, themselves distributed amongst different substances – as thought any material were fit to receive man's stories. Able to be carried articulated language, spoken and written, fix on moving images, gesture and the ordered mixture of all these substances; narrative is present is myth, legend, fable, tale novella, epic, history, tragedy, drama, comedy, mime, painting (Think of Carpaccio's saint Ursula), stained glass windows, cinema, comics, news item, conversation. More over under the almost infinite diversity of forms, narrative is present every age, in every place, in every society; it begins with the very history of mankind and there nowhere is or nor has been a people without narrative. All classes, all human groups have their narratives, enjoyment is very often shared by men with different, even opposing, cultural backgrounds. Caring nothing for the division between good and bad literature, narrative is international, transhistorical, transcultural: it is simply there, like life itself. Roland Barthes, *Image Music Text,* Fontana Press, London, 1977, P.-79

7. ਮਨਮੋਹਨ ਬਾਵਾ, ਭਾਰਤੀ ਇਤਿਹਾਸ ਮਿਥਿਹਾਸ, ਯੂਨੀਸਟਾਰ ਬੁਕਸ, ਚੰਡੀਗੜ੍ਹ, 2015, ਪੰ.-7

8. Gaytri Chakrovorty Spivak, *'Can The Subaltran Speak?'* In Cary Nelson and Lawrence Grossberg (eds) Marxism and the Interpretation of culture, London: Macmillan, 1988, P. -307

9. ਮਨਮੋਹਨ ਬਾਵਾ, ਭਾਰਤੀ ਇਤਿਹਾਸ ਮਿਥਿਹਾਸ, ਯੂਨੀਸਟਾਰ ਬੁਕਸ, ਚੰਡੀਗੜ੍ਹ, 2015, ਪੰ.-9

10. ਰਾਜਪਾਲ ਸਿੰਘ, ਪੰਜਾਬ ਦੀ ਇਤਿਹਾਸਕ ਗਾਥਾ (1849-2000), ਪੀਪਲਜ਼ ਫ਼ੋਰਮ, ਬਰਗਾੜੀ, 2016, ਪੰ.-7

11. ਈ.ਐਚ.ਕਾਰ, ਇਤਿਹਾਸ ਕੀ ਹੈ?, ਐੱਸ.ਡੀ.ਗਜਰਾਨੀ (ਅਨੁ), ਮਦਾਨ ਬੁੱਕ ਹਾਊਸ, ਪਟਿਆਲਾ, 2014, ਪੰ.-34

12. ਗੁਰਬਚਨ ਸਿੰਘ ਨਈਅਰ, ਮੌਖਿਕ ਇਤਿਹਾਸ ਮੁੱਢਲੀਆਂ ਸਿੱਖ ਲਿਖਤਾਂ ਦੇ ਵਿਸ਼ੇਸ਼ ਸੰਦਰਭ ਵਿਚ, ਨੈਸ਼ਨਲ ਬੁੱਕ ਆਰਗਨਾਈਜੇਸ਼ਨ, ਦਿੱਲੀ, 1990, ਪੰ.-25